03 Jan_Page_Jalandharr-5-8.qxd 1/4/2022 12:45 AM Page 2

ਸੋਢੀ ਨੂੰ ਟਿਕਟ ਮਿਲਣ ਨਾਲ ਜਲੰਧਰ ਛਾਉਣੀ ਹਲਕੇ ਦੀ ਸਿਆਸੀ ਤਸਵੀਰ ਹੋਈ ਸਾਫ਼

ਅਕਾਲੀ ਦਲ ਦੇ ਉਮੀਦਵਾਰ ਜਗਬੀਰ ਸਿੰਘ ਬਰਾੜ ਦੀ ਟੱਕਰ ਦੋ-ਦੋ ਹਾਕੀ ਉਲੰਪੀਅਨਾਂ ਪਰਗਟ ਤੇ ਸੋਢੀ ਨਾਲ

ਜਲੰਧਰ, 3 ਜਨਵਰੀ (ਜਸਪਾਲ ਸਿੰਘ)-ਆਖਰ ਲੰਬੀ ਉਡੀਕ ਦੇ ਬਾਅਦ ਆਮ ਆਦਮੀ ਪਾਰਟੀ ਵਲੋਂ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਸੇਵਾ ਮੁਕਤ ਆਈ. ਜੀ. ਨੂੰ ਪਾਰਟੀ ਦਾ ਅਧਿਕਾਰਤ ਉਮੀਦਵਾਰ ਐਲਾਨ ਦਿੱਤਾ ਗਿਆ ਹੈ ਤੇ ਉਨ੍ਹਾਂ ਦੇ ਉਮੀਦਵਾਰ ਬਣਨ ਨਾਲ ਜਲੰਧਰ ਛਾਉਣੀ ਹਲਕੇ ਦੀ ਸਿਆਸੀ ਤਸਵੀਰ ਵੀ ਕਾਫੀ ਹੱਦ ਤੱਕ ਸਾਫ਼ ਹੋ ਗਈ ਹੈ। ਜਿਸ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਗਬੀਰ ਸਿੰਘ ਬਰਾੜ ਦਾ ਮੁਕਾਬਲਾ ਇਸ ਵਾਰ ਦੋ-ਦੋ ਉਲੰਪੀਅਨਾਂ ਨਾਲ ਹੋਣ ਜਾ ਰਿਹਾ ਹੈ। ਇਕ ਪਾਸੇ ਆਮ ਆਦਮੀ ਪਾਰਟੀ ਵਲੋਂ ਜਿੱਥੇ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਨੂੰ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ, ਉੱਥੇ ਕਾਂਗਰਸ ਵਲੋਂ ਮੌਜੂਦਾ ਕੈਬਨਿਟ ਮੰਤਰੀ ਤੇ ਉਲੰਪੀਅਨ ਪਰਗਟ ਸਿੰਘ ਨੂੰ ਹੀ ਹਲਕੇ ਤੋਂ ਮੁੜ ਚੋਣ ਲੜਾਏ ਜਾਣ ਦੀ ਸੰਭਾਵਨਾ ਹੈ ਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਜਗਬੀਰ ਸਿੰਘ ਬਰਾੜ ਦਾ ਮੁਕਾਬਲਾ ਪਰਗਟ ਸਿੰਘ ਅਤੇ ਸੁਰਿੰਦਰ ਸਿੰਘ ਸੋਢੀ ਵਰਗੇ ਦੋ-ਦੋ ਹਾਕੀ ਉਲੰਪੀਅਨਾਂ ਨਾਲ ਹੋਣਾ ਲਗਭਗ ਤੈਅ ਹੈ। ਉਲੰਪੀਅਨ ਪਰਗਟ ਸਿੰਘ ਇਸ ਹਲਕੇ ਤੋਂ ਦੋ ਵਾਰ ਚੋਣ ਜਿੱਤ ਚੁੱਕੇ ਹਨ। ਸਾਲ 2012 'ਚ ਉਹ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੋਂ ਚੋਣ ਜਿੱਤੇ ਸਨ ਪਰ ਬਾਅਦ 'ਚ ਅਕਾਲੀ ਦਲ ਨਾਲ ਅਣਬਣ ਹੋਣ ਕਾਰਨ ਉਹ ਕਾਂਗਰਸ 'ਚ ਸ਼ਾਮਿਲ ਹੋ ਗਏ ਸਨ ਤੇ ਪਿਛਲੀਆਂ 2017 ਦੀਆਂ ਚੋਣਾਂ 'ਚ ਉਹ ਕਾਂਗਰਸ ਦੀ ਟਿਕਟ 'ਤੇ ਚੋਣ ਜਿੱਤਣ 'ਚ ਸਫਲ ਰਹੇ। ਜਦਕਿ ਇਕ ਸਮੇਂ ਕਾਂਗਰਸ ਦਾ ਗੜ੍ਹ ਕਹੇ ਜਾਂਦੇ ਜਲੰਧਰ ਛਾਉਣੀ ਹਲਕੇ ਤੋਂ ਕਾਂਗਰਸ ਦੀ ਉਮੀਦਵਾਰ ਤੇ ਸਵਰਗੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਬੇਟੀ ਗੁਰਕੰਵਲ ਕੌਰ ਨੂੰ ਹਰਾ ਕੇ ਹਲਕੇ 'ਚ ਅਕਾਲੀ ਦਲ ਦਾ ਝੰਡਾ ਗੱਡਣ ਵਾਲੇ ਜਗਬੀਰ ਸਿੰਘ ਬਰਾੜ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੀ. ਪੀ. ਪੀ. 'ਚ ਸ਼ਾਮਿਲ ਹੋ ਗਏ ਤੇ ਫਿਰ ਕਾਂਗਰਸ ਦਾ ਹੱਥ ਫੜ੍ਹ ਲਿਆ ਤੇ ਨਕੋਦਰ ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜੀ। ਪਰ ਉਨ੍ਹਾਂ ਦਾ ਦਿਲ ਹਮੇਸ਼ਾ ਜਲੰਧਰ ਛਾਉਣੀ ਹਲਕੇ 'ਚ ਹੀ ਰਿਹਾ ਤੇ ਆਖਰਕਾਰ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਤੱਕੜੀ 'ਚ ਤੁਲਦੇ ਹੋਏ ਜਲੰਧਰ ਛਾਉਣੀ ਤੋਂ ਚੋਣ ਲੜਨ ਦਾ ਫੈਸਲਾ ਕੀਤਾ। ਸ਼੍ਰੋਮਣੀ ਅਕਾਲੀ ਦਲ ਵਲੋਂ ਉਨ੍ਹਾਂ ਨੂੰ ਪਰਗਟ ਸਿੰਘ ਦੇ ਮੁਕਾਬਲੇ ਜਲੰਧਰ ਛਾਉਣੀ ਹਲਕੇ ਤੋਂ ਚੋਣ ਮੈਦਾਨ 'ਚ ਉਤਾਰਨ ਦਾ ਐਲਾਨ ਕਰ ਦਿੱਤਾ ਗਿਆ, ਜਿਸ ਨਾਲ ਦੋਵੇਂ ਕਰੀਬ 10 ਸਾਲ ਦੇ ਅਰਸੇ ਬਾਅਦ ਫਿਰ ਇਕ ਦੂਸਰੇ ਦੇ ਆਹਮਣੇ-ਸਾਹਮਣੇ ਹੋਣ ਜਾ ਰਹੇ ਹਨ। ਓਧਰ ਹੁਣ ਆਮ ਆਦਮੀ ਪਾਰਟੀ ਵਲੋਂ ਵੀ ਸੁਰਿੰਦਰ ਸਿੰਘ ਸੋਢੀ ਦੇ ਰੂਪ 'ਚ ਇਕ ਹਾਕੀ ਖਿਡਾਰੀ ਨੂੰ ਚੋਣ ਮੈਦਾਨ 'ਚ ਉਤਾਰੇ ਜਾਣ ਨਾਲ ਹਲਕੇ 'ਚ ਤਿਕੋਣਾ ਮੁਕਾਬਲਾ ਹੋਣ ਦੀ ਸੰਭਾਵਨਾ ਹੈ। ਹਾਲਾਂਕਿ ਅਜੇ ਤੱਕ ਭਾਜਪਾ ਤੇ ਪੰਜਾਬ ਲੋਕ ਕਾਂਗਰਸ ਤੋਂ ਇਲਾਵਾ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਾਲੇ ਸੰਯੁਕਤ ਸਮਾਜ ਪਾਰਟੀ ਵਲੋਂ ਵੀ ਹਲਕੇ ਤੋਂ ਉਮੀਦਵਾਰਾਂ ਬਾਰੇ ਫੈਸਲਾ ਨਹੀਂ ਕੀਤਾ ਜਾ ਸਕਿਆ ਹੈ, ਜਿਸ ਕਾਰਨ ਹਾਲ ਦੀ ਘੜੀ ਸਿਆਸੀ ਊਠ ਕਿਸ ਕਰਵਟ ਬੈਠੇਗਾ, ਉਸ ਦਾ ਅੰਦਾਜ਼ਾ ਲਗਾਉਣਾ ਕਾਫੀ ਔਖਾ ਹੈ ਤੇ ਬਾਕੀ ਪਾਰਟੀਆਂ ਵਲੋਂ ਉਮੀਦਵਾਰਾਂ ਦੇ ਐਲਾਨ ਤੋਂ ਬਾਅਦ ਹੀ ਸਿਆਸੀ ਗਿਣਤੀਆਂ ਮਿਣਤੀਆਂ ਦਾ ਹਿਸਾਬ ਲਗਾਇਆ ਜਾ ਸਕੇਗਾ। ਇਸ ਦੌਰਾਨ ਇਲਾਕੇ 'ਚ ਚਰਚਾ ਹੈ ਕਿ ਕੈਬਨਿਟ ਮੰਤਰੀ ਪਰਗਟ ਸਿੰਘ ਨੂੰ ਜਿੱਥੇ ਸਥਾਪਤੀ ਵਿਰੋਧੀ ਰੁਝਾਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਉੱਥੇ ਜਗਬੀਰ ਸਿੰਘ ਬਰਾੜ ਨੂੰ ਹਲਕਾ ਬਦਲਣ ਦਾ ਨੁਕਸਾਨ ਹੋ ਸਕਦਾ ਹੈ ਜਦਕਿ ਸੁਰਿੰਦਰ ਸਿੰਘ ਸੋਢੀ ਪਹਿਲੀ ਵਾਰ ਚੋਣ ਲੜ ਰਹੇ ਹਨ ਤੇ ਅਜਿਹੇ 'ਚ ਇਸ ਵਾਰ ਦਾ ਇਹ ਚੋਣ ਮੁਕਾਬਲਾ ਕਾਫੀ ਦਿਲਚਸਪ ਹੋਣ ਜਾ ਰਿਹਾ ਹੈ।

ਪਰਗਟ ਸਿੰਘ, ਜਗਬੀਰ ਸਿੰਘ ਬਰਾੜ ਅਤੇ ਸੁਰਿੰਦਰ ਸਿੰਘ ਸੋਢੀ

ਆਮ ਆਦਮੀ ਪਾਰਟੀ ਵਲੋਂ ਜਲੰਧਰ ਛਾਉਣੀ ਹਲਕੇ ਤੋਂ ਸੇਵਾ ਮੁਕਤ ਆਈ. ਜੀ. ਸੁਰਿੰਦਰ ਸਿੰਘ ਸੋਢੀ ਨੂੰ ਟਿਕਟ ਦਿੱਤੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਪਾਰਟੀ ਵਰਕਰ। ਅਜੀਤ ਤਸਵੀਰ

ਉਲੰਪੀਅਨ ਸੁਰਿੰਦਰ ਸਿੰਘ ਸੋਢੀ ਨੂੰ ਟਿਕਟ ਮਿਲਣ 'ਤੇ 'ਆਪ' ਵਰਕਰਾਂ 'ਚ ਖੁਸ਼ੀ ਦੀ ਲਹਿਰ

ਜਲੰਧਰ, 3 ਜਨਵਰੀ (ਜਸਪਾਲ ਸਿੰਘ)-ਆਮ ਆਦਮੀ ਪਾਰਟੀ ਵਲੋਂ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਨੂੰ ਵਿਧਾਨ ਸਭਾ ਹਲਕਾ ਜਲੰਧਰ ਛਾਉਣੀ ਤੋਂ ਉਮੀਦਵਾਰ ਬਣਾਏ ਜਾਣ 'ਤੇ 'ਆਪ' ਵਰਕਰਾਂ 'ਚ ਖੁਸ਼ੀ ਦੀ ਲਹਿਰ ਹੈ। ਆਪ ਵਰਕਰਾਂ ਵਲੋਂ ਢੋਲ ਢਮੱਕਿਆਂ 'ਤੇ ਭੰਗੜੇ ਪਾਉਂਦੇ ਹੋਏ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਸੇਵਾ ਮੁਕਤ ਆਈ. ਜੀ. ਸੁਰਿੰਦਰ ਸਿੰਘ ਸੋਢੀ ਵਲੋਂ ਹਲਕੇ ਦੇ ਕੁੱਝ ਖੇਤਰਾਂ 'ਚ ਅੱਜ ਵਰਕਰਾਂ ਨਾਲ ਮਿਲ ਕੇ ਟਿਕਟ ਮਿਲਣ ਦੀ ਖੁਸ਼ੀ ਸਾਂਝੀ ਕੀਤੀ ਗਈ ਤੇ ਉਨ੍ਹਾਂ ਵਲੋਂ ਦਿੱਤੇ ਗਏ ਸਮਰਥਨ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸੁਰਿੰਦਰ ਸਿੰਘ ਸੋਢੀ ਨੇ ਟਿਕਟ ਦੇਣ 'ਤੇ ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਤੇ ਹੋਰ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦੇ ਹੋਏ ਭਰੋਸਾ ਦਿੱਤਾ ਕਿ ਉਹ ਇਹ ਸੀਟ ਵੱਡੇ ਫਰਕ ਨਾਲ ਜਿੱਤ ਕੇ ਪਾਰਟੀ ਦੀ ਝੋਲੀ ਪਾਉਣਗੇ। ਇਸ ਦੌਰਾਨ ਪੰਜਾਬ ਮਹਿਲਾ ਵਿੰਗ ਦੀ ਪ੍ਰਧਾਨ ਰਾਜਵਿੰਦਰ ਕੌਰ ਦੀ ਅਗਵਾਈ ਵਿੱਚ ਵਰਕਰਾਂ ਵਲੋਂ ਲੱਡੂ ਵੰਡ ਕੇ ਜਿੱਥੇ ਇਕ ਦੂਸਰੇ ਦਾ ਮੂੰਹ ਮਿੱਠਾ ਕਰਵਾਇਆ ਗਿਆ, ਉੱਥੇ ਭੰਗੜੇ ਪਾ ਕੇ ਵੀ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।

ਭੇਦਭਰੀ ਹਾਲਤ 'ਚ ਨਵ-ਵਿਆਹੁਤਾ ਦੀ ਮੌਤ

ਆਦਮਪੁਰ, 3 ਜਨਵਰੀ (ਰਮਨ ਦਵੇਸਰ)-ਆਦਮਪੁਰ ਦੇ ਬੇਗਮਪੁਰਾ ਮੁਹੱਲਾ ਵਿਖੇ ਇੱਕ ਨਵ ਵਿਆਹੁਤਾ ਦੀ ਮੌਤ ਦਾ ਸਮਾਚਾਰ ਮਿਲਿਆ ਹੈ। ਆਦਮਪੁਰ ਪੁਲਿਸ ਨੂੰ ਦਿੱਤੇ ਗਏ ਬਿਆਨਾਂ 'ਚ ਮ੍ਰਿਤਕ ਨੀਰਜ ਦੇ ਪਿਤਾ ਰਾਮ ਲੁਭਾਇਆ ਨੇ ਦੱਸਿਆ ਕਿ ਉਸਦੀ ਪੁੱਤਰੀ ਦਾ ਵਿਆਹ 30 ਅਕਤੂਬਰ ਨੂੰ ਆਦਮਪੁਰ ਦੇ ਬੇਗਮਪੁਰਾ ਮੁਹੱਲਾ ਦੇ ਰਹਿਣ ਵਾਲੇ ਨਰਿੰਦਰ ਪੁੱਤਰ ਪ੍ਰਗਟ ਸਿੰਘ ਦੇ ਨਾਲ ਹੋਇਆ ਸੀ। ਉਸਨੇ ਪੁਲਿਸ ਨੂੰ ਦੱਸਿਆ ਕਿ ਲੜਕੀ ਦੇ ਸਹੁਰਾ ਪਰਿਵਾਰ ਵਾਲੇ ਅਕਸਰ ਉਸਨੂੰ ਘੱਟ ਦਾਜ ਲਿਆਉਣ ਲਈ ਤੰਗ ਕਰਦੇ ਰਹਿੰਦੇ ਸਨ। ਉਸ ਨੇ ਸ਼ੱਕ ਜਤਾਇਆ ਹੈ ਕਿ ਉਸਦੀ ਪੁੱਤਰੀ ਨੂੰ ਸਹੁਰਾ ਪਰਿਵਾਰ ਨੇ ਮਾਰ ਦਿੱਤਾ ਹੈ। ਆਦਮਪੁਰ ਥਾਣਾ ਮੁਖੀ ਹਰਜਿੰਦਰ ਸਿੰਘ ਨੇ ਦੱਸਿਆ ਕਿ ਲੜਕੀ ਦੇ ਪਿਤਾ ਰਾਮ ਲੁਭਾਇਆ ਦੇ ਬਿਆਨਾਂ 'ਤੇ ਦਾਜ ਦੇ ਐਕਟ ਦੇ ਤਹਿਤ ਪਰਚਾ ਦਰਜ ਕਰ ਲਿਆ ਹੈ ਤੇ ਮ੍ਰਿਤਕ ਨੀਰਜ ਦੇ ਪਤੀ ਨਰਿੰਦਰ ਤੇ ਉਸਦੇ ਪਿਤਾ ਪ੍ਰਗਟ ਸਿੰਘ ਦੀ ਤਲਾਸ਼ 'ਚ ਪੁਲਿਸ ਛਾਪੇਮਾਰੀ ਕਰ ਰਹੀ ਹੈ।

ਸਮਾਗਮ ਦੌਰਾਨ ਪ੍ਰਿੰਸੀਪਲ ਡਾ. ਲਲਿਤਾ ਜੰਗਵਾਲ ਦੇ ਨਾਲ ਡਾ. ਪੂਜਾ ਸ਼ਰਮਾ, ਡਾ. ਦੀਪਕ ਮੋਦੀ, ਡਾ. ਐਸ.ਪੀ.ਐਸ. ਖੁਰਾਨਾ, ਪ੍ਰੋਫੈਸਰ ਰਮਨਦੀਪ ਕੌਰ ਤੇ ਹੋਰ। ਤਸਵੀਰ : ਮੁਨੀਸ਼

ਐਲ.ਐਲ.ਆਰ. ਨਰਸਿੰਗ ਕਾਲਜ ਨੇ ਮਨਾਇਆ ਵਿਦਾਇਗੀ ਸਮਾਗਮ

ਜਲੰਧਰ, 3 ਜਨਵਰੀ (ਐੱਮ. ਐੱਸ. ਲੋਹੀਆ)-ਲਾਲਾ ਲਾਜਪਤ ਰਾਏ ਕਾਲਜ ਆਫ਼ ਨਰਸਿੰਗ, ਗੁਲਾਬ ਦੇਵੀ ਹਸਪਤਾਲ ਵਿਖੇ ਬੀ.ਐਸ.ਸੀ. (ਬੈਚ 16ਵਾਂ), ਜੀ.ਐਨ.ਐਮ. (ਬੈਚ 27ਵਾਂ), ਐਮ.ਐਸ.ਸੀ. (ਬੈਚ 16ਵਾਂ) ਤੇ ਪੋਸਟ ਬੇਸਿਕ ਬੀ.ਐਸ.ਸੀ. ਨਰਸਿੰਗ (ਬੈਚ 10ਵਾਂ) ਦੇ ਆਖ਼ਰੀ ਸਾਲ ਦੇ ਵਿਦਿਆਰਥੀਆਂ ਦਾ ਵਿਦਾਇਗੀ ਸਮਾਗਮ ਕਰਵਾਇਆ ਗਿਆ। ਪ੍ਰਿੰਸੀਪਲ ਡਾ. ਲਲਿਤਾ ਜੰਗਵਾਲ ਦੀ ਅਗਵਾਈ ਹੇਠ ਕਰਵਾਏ ਸਮਾਗਮ ਦੌਰਾਨ ਗੁਲਾਬ ਦੇਵੀ ਹਸਪਤਾਲ ਦੀ ਗਾਇਨੋਕੋਲਜਿਸਟ ਡਾ. ਪੂਜਾ ਸ਼ਰਮਾ, ਐਮ.ਐਸ. ਡਾ. ਦੀਪਕ ਮੋਦੀ, ਕਾਲਜ ਆਫ਼ ਫਾਰਮੇਸੀ ਦੇ ਪ੍ਰਿੰਸੀਪਲ ਡਾ. ਐਸ.ਪੀ.ਐਸ. ਖੁਰਾਨਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸਮਾਗਮ ਦੌਰਾਨ ਵਿਦਿਆਰਥੀਆਂ ਨੇ ਮਾਡਲਿੰਗ ਪੇਸ਼ ਕੀਤੀ, ਜਿਸ ਉਪਰੰਤ ਵਿਦਿਆਰਥੀਆਂ ਵਲੋਂ ਬਾਲੀਵੱਡ ਡਾਂਸ, ਭੰਗੜਾ ਤੇ ਗਿੱਧਾ ਆਦਿ ਵੱਖ-ਵੱਖ ਤਰ੍ਹਾਂ ਦੇ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਮਾਡਲਿੰਗ ਦੇ ਨਤੀਜੇ ਅਨੁਸਾਰ ਮਿਸ ਫੇਅਰਵੈਲ ਜੀ.ਐਨ.ਐਮ. 'ਵੰਸ਼ਿਕਾ' ਅਤੇ ਮਿਸਟਰ ਫੇਅਰਵੈਲ 'ਅੰਮ੍ਰਿਤਪਾਲ ਸਿੰਘ', ਮਿਸ ਫੇਅਰਵੈਲ ਬੀ.ਐਸ.ਸੀ. 'ਗਜ਼ਲ' ਤੇ ਮਿਸਟਰ ਫੇਅਰਵੈਲ 'ਫਾਜ਼ਿਲ' ਰਹੇ। ਮੁੱਖ ਮਹਿਮਾਨ ਵਲੋਂ ਆਪਣੇ ਸੰਬੋਧਨ 'ਚ ਨਰਸਾਂ ਨੂੰ ਹਸਪਤਾਲ ਦਾ ਦਿਲ ਦੱਸਦੇ ਹੋਏ ਵਿਦਿਆਰਥੀਆਂ ਨੂੰ ਨਰਸਿੰਗ ਕਿੱਤੇ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਅੰਤ 'ਚ ਪ੍ਰਿੰਸੀਪਲ ਡਾ. ਲਲਿਤਾ ਜੰਗਵਾਲ ਤੇ ਵਾਇਸ ਪ੍ਰਿੰਸੀਪਲ ਪ੍ਰੋਫੈਸਰ ਰਮਨਦੀਪ ਕੌਰ ਵਲੋਂ ਜਾਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਨਿਹਰੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।

ਵਿਅਕਤੀ ਦਾ ਪਿੱਛਾ ਕਰਦੇ ਥਾਣੇ ਪਹੁੰਚੇ ਲੋਕਾਂ ਨੇ ਕੀਤਾ ਹੰਗਾਮਾ

ਜਲੰਧਰ, 3 ਜਨਵਰੀ (ਐੱਮ. ਐੱਸ. ਲੋਹੀਆ)-ਐਨ.ਆਰ.ਆਈ. ਥਾਣੇ 'ਚ ਆਪਣੇ ਖ਼ਿਲਾਫ਼ ਆਈ ਸ਼ਿਕਾਇਤ ਦੀ ਜਾਂਚ 'ਚ ਸ਼ਾਮਲ ਹੋਣ ਆਏ ਇਕ ਵਿਅਕਤੀ ਦੇ ਪਿੱਛੇ ਪਹੁੰਚੇ ਕੁਝ ਵਿਅਕਤੀਆਂ ਨੇ ਥਾਣੇ 'ਚ ਹੰਗਾਮਾ ਕਰ ਦਿੱਤਾ। ਇਸ ਦੌਰਾਨ ਥਾਣੇ ਆਇਆ ਵਿਅਕਤੀ ਖਿੜਕੀ ਰਾਹੀਂ ਦੂਸਰੀ ਮੰਜ਼ਿਲ ਤੋਂ ਛਲਾਂਗ ਲਗਾ ਕੇ 10 ਫੁੱਟ ਉੱਚੀ ਕੰਧ ਟੱਪਣ ਤੋਂ ਬਾਅਦ ਫਰਾਰ ਹੋ ਗਿਆ। ਹੰਗਾਮਾ ਕਰ ਰਹੇ ਵਿਅਕਤੀਆਂ ਵਲੋਂ ਪੁਲਿਸ 'ਤੇ ਵਿਅਕਤੀ ਨੂੰ ਭਜਾਉਣ ਦੇ ਦੋਸ਼ ਲਗਾ ਕੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਨ.ਆਰ.ਆਈ. ਥਾਣਾ ਮੁਖੀ ਮਨਮੋਹਨ ਸਿੰਘ ਨੇ ਦੱਸਿਆ ਕਿ ਵਿਦੇਸ਼ 'ਚ ਰਹਿੰਦੀ ਇਕ ਔਰਤ ਨੇ ਉਨ੍ਹਾਂ ਨੂੰ ਸ਼ਿਕਾਇਤ ਦਿੱਤੀ ਸੀ ਕਿ ਕਿਸੇ ਵਿਅਕਤੀ ਨੇ ਉਸ ਦੀ ਫੇਸਬੁੱਕ ਆਈ.ਡੀ. ਹੈਕ ਕਰ ਲਈ ਹੈ ਤੇ ਇਸ ਤਰ੍ਹਾਂ ਉਹ ਵਿਅਕਤੀ ਵਿਦੇਸ਼ 'ਚ ਬੈਠੀ ਉਸ ਔਰਤ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਮਾਮਲੇ ਦੀ ਜਾਂਚ ਕਰਨ ਲਈ ਉਨ੍ਹਾਂ ਵਲੋਂ ਵਿਅਕਤੀ ਨੂੰ ਥਾਣੇ ਬਲਾਇਆ ਗਿਆ ਸੀ। ਉਨ੍ਹਾਂ ਦੇ ਮੁਲਾਜ਼ਮਾਂ ਵਲੋਂ ਵਿਅਕਤੀ ਦੇ ਬਿਆਨ ਦਰਜ ਕੀਤੇ ਜਾ ਰਹੇ ਸਨ, ਕਿ ਇਸ ਦੌਰਾਨ ਕੁਝ ਵਿਅਕਤੀਆਂ ਨੇ ਆ ਕੇ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ ਤੇ ਉਸ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕਰਨ ਲੱਗੇ, ਉਨ੍ਹਾਂ ਕੋਲ ਵਿਅਕਤੀ ਖ਼ਿਲਾਫ਼ ਕੋਈ ਵੀ ਮੁਕੱਦਮਾ ਦਰਜ ਨਹੀਂ ਸੀ, ਜਿਸ ਦੇ ਆਧਾਰ 'ਤੇ ਉਨ੍ਹਾਂ ਦੇ ਮੁਲਾਜ਼ਮ ਉਸ ਨੂੰ ਗ੍ਰਿਫ਼ਤਾਰ ਕਰਦੇ। ਹੰਗਾਮਾ ਕਰ ਰਹੇ ਵਿਅਕਤੀਆਂ ਵਲੋਂ ਥਾਣੇ ਪਹੁੰਚੇ ਵਿਅਕਤੀ ਸਬੰਧੀ ਆਰਥਿਕ ਅਪਰਾਧ ਸ਼ਾਖਾ ਅਤੇ ਕ੍ਰਾਈਮ ਸ਼ਾਖਾ ਨੂੰ ਸੂਚਿਤ ਕੀਤਾ ਗਿਆ, ਜਿਸ 'ਤੇ ਆਰਥਿਕ ਅਪਰਾਧ ਸ਼ਾਖਾ ਅਤੇ ਕ੍ਰਾਈਮ ਵਿਭਾਗ ਦੇ ਮੁਲਾਜ਼ਮਾਂ ਨੇ ਵੀ ਉਸ ਵਿਅਕਤੀ ਦੇ ਬਿਆਨ ਦਰਜ ਕੀਤੇ, ਜਿਸ ਦੌਰਾਨ ਬਾਹਰ ਇਕੱਠੇ ਹੋਏ ਵਿਅਕਤੀਆਂ ਦੇ ਡਰ ਤੋਂ ਉਹ ਵਿਅਕਤੀ ਥਾਣੇ ਤੋਂ ਭੱਜ ਗਿਆ।

Tantia University
(Established by State Government Act 32 of 2013 u/s 2 (f) of UGC Act 1956)
SRI GANGANAGAR (RAJASTHAN)
Excellence Innovation Achievement
MEDICAL SCIENCE M.B.B.S.
VETERINARY SCIENCE B.V.Sc. & A.H.
AYURVEDA BAMS, M.D. (Ayurveda)
HOMOEOPATHY BHMS, M.D. (Homoeopathy)
*Admission For NEET Qualified & As Per Govt. Norms
OTHER COURSES
M.Sc. Nursing • B.Sc. Nursing • Post Basic B.Sc. Nursing • BPT • MPT • D.Pharmacy • Ayurvedic Nursing • BA LLB • LLB • LLM • MA • M.Ed. • AHDP • Ph.D
0154-2494125 | 94140-93087 | 94140-93083 | 94140-93082
TOLL FREE : 1800 123 1981
Email : admission@tantiauniversity.com | Visit us on : www.tantiauniversity.com

ਸਰਬ SARB JALANDHAR
ਲੋੜ ਹੈ
ਅਦਾਰਾ ਸਰਬ ਮਲਟੀਪਲੈਕਸ ਨੂੰ ਹੇਠ ਲਿਖੇ ਸਟਾਫ ਦੀ ਲੋੜ ਹੈ :

ਲੜੀ ਨੰ:	ਅਸਾਮੀ ਦਾ ਨਾਂਅ	ਯੋਗਤਾ	ਉਮਰ
1.	ਸਕਿਉਰਿਟੀ ਗਾਰਡ	10ਵੀਂ ਪਾਸ, ਐਕਸ ਸਰਵਿਸਮੈਨ ਨੂੰ ਪਹਿਲ ਦਿੱਤੀ ਜਾਵੇਗੀ	20 ਤੋਂ 50 ਸਾਲ
2.	ਸੇਵਾਦਾਰ	10+2 ਪਾਸ ਹੋਵੇ। ਕੰਪਿਊਟਰ ਦੀ ਜਾਣਕਾਰੀ ਰੱਖਦਾ ਹੋਵੇ।	18 ਤੋਂ 30 ਸਾਲ
3.	ਸਫਾਈ ਕਰਮਚਾਰੀ		20 ਤੋਂ 40 ਸਾਲ

ਉਮੀਦਵਾਰ ਆਪਣੀ ਪਾਸਪੋਰਟ ਸਾਈਜ਼ ਤਸਵੀਰ ਸਮੇਤ ਅਰਜ਼ੀ ਅਤੇ ਪ੍ਰਮਾਣ ਪੱਤਰ ਲੈ ਕੇ ਕਿਸੇ ਵੀ ਕੰਮ ਵਾਲੇ ਦਿਨ ਸਰਬ ਮਲਟੀਪਲੈਕਸ ਅੰਮ੍ਰਿਤਸਰ ਰੋਡ, ਸਾਹਮਣੇ ਟਰਾਂਸਪੋਰਟ ਨਗਰ, ਜਲੰਧਰ ਵਿਖੇ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਇੰਟਰਵਿਊ ਵਾਸਤੇ ਪਹੁੰਚਣ ਦੀ ਖੇਚਲ ਕਰਨ। ਸੰਪਰਕ ਨੰ: 0181-2299300, 2299400.
-ਜਨਰਲ ਮੈਨੇਜਰ

ਵਿਰਾਸ ਵਿਹਾਰ ਵਿਖੇ ਡਾਂਸ ਵਿਭਾਗ ਦੀ ਸ਼ੁਰੂਆਤ ਕਰਦੇ ਹੋਏ ਡਾ. ਸੰਤੋਸ਼ ਵਿਆਸ, ਡਾ. ਰੰਜਨਾ, ਬਲਵਿੰਦਰ ਸਿੰਘ ਮੇਜਰ ਜਨਰਲ (ਸੇਵਾ ਮੁਕਤ) ਤੇ ਹੋਰ। ਤਸਵੀਰ ਮੁਨੀਸ਼

ਵਿਰਸਾ ਵਿਹਾਰ ਵਿਖੇ ਡਾਂਸ ਵਿਭਾਗ ਦੀ ਸ਼ੁਰੂਆਤ

ਜਲੰਧਰ, 3 ਜਨਵਰੀ (ਹਰਵਿੰਦਰ ਸਿੰਘ ਫੁੱਲ)-ਡਿਪਟੀ ਕ